# ਫ਼ਾਰਮਜ਼ ਐਪ ਖੇਤੀਬਾੜੀ ਸੰਦਾਂ ਨੂੰ ਕਿਰਾਏ 'ਤੇ ਲੈਣ, ਖਰੀਦ-ਵਿਕਰੀ ਨੂੰ ਬਣਾਏ ਸੁਖਾਲਾ

ਭਾਰਤ ਸਰਕਾਰ ਦੇ ਖੇਤੀਬਾੜੀ, ਸਹਿਕਾਰਤਾ ਅਤੇ ਕਿਸਾਨ ਭਲਾਈ ਵਿਭਾਗ ਦੇ ਮਸ਼ੀਨਕਰਨ ਅਤੇ ਤਕਨਾਲੋਜੀ ਡਿਵੀਜ਼ਨ ਨੇ ਇੱਕ ਮੋਬਾਈਲ ਐਪ ਤਿਆਰ ਕੀਤੀ ਹੈ ਜਿਹੜੀ ਖੇਤੀਬਾੜੀ ਸੰਦਾਂ ਨੂੰ ਕਿਰਾਏ 'ਤੇ ਲੈਣ ਅਤੇ ਵਿਕਰੀ/ਖ਼ਰੀਦ ਦੀ ਸਹੂਲਤ ਦਿੰਦੀ ਹੈ।

ਫ਼ਾਰਮ ਮਸ਼ੀਨਰੀ ਸਲਿਊਸ਼ਨ ਜਾਂ ਫ਼ਾਰਮਜ਼ ਐਪ ਨੂੰ ਗੂਗਲ ਪਲੇ ਸਟੋਰ ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ। ਇਹ ਐਂਡਰੌਇਡ ਸੰਸਕਰਨ 4.0 ਅਤੇ ਇਸ ਤੋਂ ਉੱਪਰ ਵਾਲੇ ਯੰਤਰਾਂ 'ਤੇ ਕੰਮ ਕਰਦੀ ਹੈ।

ਫਾਰਮਜ਼  ਐਪ ਇੱਕ ਬਹੁ-ਭਾਸ਼ਾਈ ਮੋਬਾਈਲ ਮੰਚ ਹੈ ਜਿਸ ਵਿੱਚ ਉਪਭੋਗਤਾਵਾਂ ਨੂੰ ਹੁਣ ਤੱਕ 12 ਬੋਲੀਆਂ ਵਿੱਚ ਜਾਣਕਾਰੀ ਪ੍ਰਦਾਨ ਕੀਤੀ ਜਾਂਦੀ ਹੈ। ਉਹ ਆਪਣੀ ਸਹੂਲਤ ਅਨੁਸਾਰ ਐਪ ਦੀ ਵਰਤੋਂ ਕਰਨ ਲਈ ਵਿਕਲਪਾਂ ਵਿੱਚੋਂ ਆਪਣੀ ਭਾਸ਼ਾ ਦੀ ਚੋਣ ਕਰ ਸਕਦੇ ਹਨ।

ਇਹ ਐਪ ਭਾਰਤ ਦੇ ਵੱਖ-ਵੱਖ ਰਾਜਾਂ ਦੇ ਕਿਸਾਨਾਂ ਨੂੰ ਖੇਤੀਬਾੜੀ ਵਿਭਾਗ ਦੀਆਂ ਵੱਖ-ਵੱਖ ਸਕੀਮਾਂ ਅਧੀਨ ਸਥਾਪਤ ਖੇਤੀਬਾੜੀ ਮਸ਼ੀਨਰੀ ਬੈਂਕਾਂ (ਐਫ ਐਮ

ਬੀ)/ਕਸਟਮ ਹਾਇਰਿੰਗ ਸੈਂਟਰਾਂ (ਸੀ ਐਚ ਸੀ) ਅਤੇ ਹਾਈ-ਟੈਕ ਹੱਬਾਂ ਦੀਆਂ ਕਸਟਮ ਹਾਇਰਿੰਗ ਸੇਵਾਵਾਂ ਦੀ ਸਹੂਲਤ ਪ੍ਰਦਾਨ ਕਰਦਾ ਹੈ।

ਇਹ ਐਪ ਐਫ ਐਮ ਬੀ/ ਸੀ ਐਚ ਸੀ ਅਤੇ ਹਾਈ-ਟੈਕ ਮਸ਼ੀਨਰੀ ਹੱਬਾਂ ਵਿੱਚ ਉਪਲਬਧ ਸੰਦਾਂ ਦੀ ਸਰਵੋਤਮ ਵਰਤੋਂ ਕਰਨ ਦੇ ਨਾਲ, ਆਪਣੀ ਖੇਤੀਬਾੜੀ ਦੀ ਆਮਦਨ ਵਧਾਉਣ ਲਈ ਕਿਰਾਏ ਦੇ ਅਧਾਰ 'ਤੇ ਮਸ਼ੀਨਾਂ ਪ੍ਰਦਾਨ ਕਰਨ ਦੀਆਂ ਚਾਹਵਾਨ ਸੋਸਾਇਟੀਆਂ, ਉੱਦਮੀਆਂ ਅਤੇ ਅਗਾਂਹਵਧੂ ਕਿਸਾਨਾਂ ਦੀ ਮਦਦ ਕਰਦੀ ਹੈ। ਐਪ ਕਿਸਾਨਾਂ ਨੂੰ ਪੁਰਾਣੇ ਸੰਦਾਂ ਦੀ ਵਿਕਰੀ ਅਤੇ ਖ਼ਰੀਦ ਦੇ ਲਈ ਮੰਚ ਵੀ ਪ੍ਰਦਾਨ ਕਰਦੀ ਹੈ।

ਜਿਹੜੇ ਕਿਸਾਨਾਂ ਨੇ ਸੀ ਐਚ ਸੀ ਤੋਂ ਮਸ਼ੀਨਰੀ ਕਿਰਾਏ 'ਤੇ ਲੈਂਦੇ ਹਨ ਉਹ ਆਪਣੇ ਤਜਰਬੇ ਬਾਰੇ ਪ੍ਰਤਿਕਿਰਿਆ ਦੇ ਸਕਦੇ ਹਨ। ਸੀ ਐਚ ਸੀ  ਦਾ ਮੁੱਲ ਅੰਕਣ ਉਸ ਪ੍ਰਤਿਕਿਰਿਆ ਦੇ ਆਧਾਰ 'ਤੇ ਕੀਤਾ ਜਾਂਦਾ ਹੈ। ਇਸੇ ਤਰ੍ਹਾਂ, ਸੀ ਐਚ ਸੀ ਉਹ ਕਿਸਾਨਾਂ ਨੂੰ ਵੀ ਪ੍ਰਤਿਕਿਰਿਆ ਦੇ ਸਕਦਾ ਹੈ ਜੋ ਇਸ ਦੇ ਸੰਦ ਕਿਰਾਏ 'ਤੇ ਲੈਂਦੇ ਹਨ।

ਛੋਟੇ ਅਤੇ ਸੀਮਾਂਤ ਕਿਸਾਨ ਸੀ ਐਚ ਸੀ ਤੋਂ ਵਾਜਬ ਕਿਰਾਏ 'ਤੇ ਖੇਤੀਬਾੜੀ ਸੰਦਾਂ ਦੀ ਵਰਤੋਂ ਅਤੇ ਇਨ੍ਹਾਂ ਦੀ ਸਮੇਂ ਸਿਰ ਉਪਲਬਧਤਾ ਦਾ ਲਾਭ ਲੈ ਸਕਦੇ ਹਨ। ਉਪਭੋਗਤਾਵਾਂ ਦੀ ਸਹੂਲਤ ਲਈ ਐਪ 'ਤੇ ਉਪਲਬਧ ਮਸ਼ੀਨਾਂ ਅਤੇ ਕਿਰਾਏ ਦਾ ਵੀ ਜ਼ਿਕਰ ਕੀਤਾ ਜਾਂਦਾ ਹੈ।

ਕਿਸਾਨ ਆਪਣੇ ਪਿੰਡ ਜਾਂ ਕਸਬੇ ਤੋਂ 5, 20, 50 ਅਤੇ 200 ਕਿਲੋਮੀਟਰ ਦੀ ਦੂਰੀ ਦੇ ਅੰਦਰ ਸੀ ਐਚ ਸੀ ਲੱਭ ਸਕਦੇ ਹਨ। ਕੁਝ ਚੋਣਵੇ ਸੰਦਾਂ ਜਿਵੇਂ ਕਿ ਕੰਬਾਈਨ ਹਾਰਵੈਸਟਰ, ਕਪਾਹ ਚੁਗਣ ਵਾਲੀ ਮਸ਼ੀਨ, ਕ੍ਰੇਨ, ਗੰਨਾ ਹਾਰਵੈਸਟਰ ਅਤੇ ਡੋਜ਼ਰ ਦੇ ਲਈ ਪੂਰੇ ਭਾਰਤ ਵਿੱਚੋਂ ਖੋਜ ਸੁਲੱਭ ਹੈ। ਉਪਭੋਗਤਾ ਸੂਚੀ 'ਤੇ ਕਲਿੱਕ ਕਰਕੇ ਪੂਰੇ ਸੰਦਾਂ ਅਤੇ ਸੀ ਐਚ ਸੀ ਦੇ ਵੇਰਵੇ ਦੇਖ ਸਕਦੇ ਹਨ।

ਕਿਸਾਨ ਬੁਕਿੰਗ ਰੱਦ ਕਰ ਸਕਦੇ ਹਨ ਬਸ਼ਰਤੇ ਬੁਕਿੰਗ ਰੱਦ ਕਰਨ ਦੇ ਸਮੇਂ ਅਤੇ ਜਦੋਂ ਸੰਦ ਕਿਰਾਏ 'ਤੇ ਲੈਣ ਦੀ ਤਜਵੀਜ਼ ਹੈ ਦੇ ਵਿਚਕਾਰ ਤਿੰਨ ਘੰਟੇ ਤੋਂ ਵੱਧ ਦਾ ਫ਼ਰਕ ਹੋਵੇ।